# THE PUNJAB STATE BOARD OF TECHNICAL EDUCATION AND INDUSTRIAL TRAINING

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com


ਨੰ:ਪੀ.ਐਸ.ਬੀ./ਆਈ.ਟੀ./2017/ 1768 ਅਤਿ ਜ਼ਰੂਰੀ/ਸਮਾਂਬੱਧ ਮਿਤੀ: 12-7-2017

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ/ਪ੍ਰਾਈਵੇਟ ਆਈ.ਟੀ.ਆਈ./ (ਇ: ਲਈ),(ਐਨ.ਸੀ.ਵੀ.ਟੀ. ਅਧੀਨ)
ਪੰਜਾਬ ਰਾਜ ਅਧੀਨ।

**ਵਿਸ਼ਾ: ਆਈ.ਟੀ.ਆਈ. ਸੰਸਥਾਵਾਂ ਵਿਖੇ ਜੁਲਾਈ 2017 ਵਿੱਚ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ NCVT Semester system (regular & reappear) ਅਤੇ NCVT Conventional old pattern (Reappear in two/three years duration trades) ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੇ ਏ.ਪੀ.ਐਫ ਅਤੇ ਪ੍ਰੀਖਿਆ ਫੀਸ ਲੈਣ ਸਬੰਧੀ।**

**ਹਵਾਲਾ: ਬੋਰਡ ਦਫਤਰ ਦੇ ਪੱਤਰ ਨੰ:-ਪੀ.ਐਸ.ਬੀ./ਆਈ.ਟੀ./2017/1250 ਮਿਤੀ:-30-5-2017 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹਵਾਲਾ ਅਧੀਨ ਪੱਤਰ ਰਾਹੀਂ ਆਪ ਜੀ ਨੂੰ ਪ੍ਰੀਖਿਆ ਜੁਲਾਈ-2017 ਲਈ ਏ.ਪੀ.ਐਫ.ਅਤੇ ਪ੍ਰੀਖਿਆ ਫੀਸ ਲੈਣ ਸਬੰਧੀ ਹਦਾਇਤ ਜਾਰੀ ਕੀਤੀ ਗਈ ਸੀ। ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ NCVT Semester system (I, II, III, IV) ਅਤੇ Conventional old pattern (only for Two/Three years duration trades) ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਪ੍ਰੀਖਿਆ ਡੀ.ਜੀ.ਟੀ. ਨਵੀਂ ਦਿੱਲੀ ਵਲੋਂ ਜੁਲਾਈ-2017 ਵਿੱਚ ਲਈ ਜਾਣੀ ਹੈ। ਇੱਥੇ ਇਹ ਵੀ ਦਸਿਆ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ ਚੋਣਾਂ ਹੋਣ ਕਾਰਨ ਫਰਵਰੀ-2017 ਵਿੱਚ ਹੋਣ ਵਾਲੀ ਪ੍ਰੀਖਿਆ ਕੈਂਸਿਲ ਕਰ ਦਿੱਤੀ ਗਈ ਸੀ। ਪ੍ਰੀਖਿਆ ਫਰਵਰੀ 2017 ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਪ੍ਰੀਖਿਆ ਜੁਲਾਈ-2017 ਵਿੱਚ ਹੀ ਲਈ ਜਾਣੀ ਹੈ। ਇਹ ਪ੍ਰੀਖਿਆ ਕੇਵਲ ਐਨ.ਸੀ.ਵੀ.ਟੀ. ਅਧੀਨ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਹੀ ਲਈ ਜਾਣੀ ਹੈ। ਪ੍ਰੀਖਿਆ ਜੁਲਾਈ-2017 ਲਈ ਏ.ਪੀ.ਐਫ. ਅਤੇ ਪ੍ਰੀਖਿਆ ਫੀਸ, ਕੰਪਿਊਟਰ ਸ਼ਾਖਾ ਵਲੋਂ ਪ੍ਰੀਖਿਆ ਜੁਲਾਈ-2016 ਦੌਰਾਨ ਤਿਆਰ ਕੀਤੇ ਗਏ procedure ਅਨੁਸਾਰ ਹੀ ਲਈ ਜਾਣੀ ਹੈ।

ਕੰਪਿਊਟਰ ਸ਼ਾਖਾ ਵਲੋਂ ਕਰਾਫਟਸਮੈਨ ਟਰੇਨਿੰਗ ਸਕੀਮ ਅਧੀਨ **NCVT Conventional old pattern(only for two/three years duration trades)** ਅਤੇ ਸੈਸ਼ਨ 2013 ਦੇ ਸਮੈਸਟਰ ਸਿਸਟਮ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਏ.ਪੀ.ਐਫ. ਡੀਟੇਲ ਐਕਸਲ ਫਾਇਲ ਵਿੱਚ ਬਣਾ ਕੇ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤੀ ਜਾਵੇਗੀ ਅਤੇ ਨਾਲ ਹੀ ਉਪਰੋਕਤ ਦਰਸਾਈ ਹਰ ਸਕੀਮ ਦੀ ਅੱਲਗ ਅੱਲਗ ਫੀਸ ਦਾ

Summary performa ਵੀ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾਵੇਗਾ। ਇਸ ਉਪਰੰਤ ਆਈ.ਟੀ.ਆਈ ਸੰਸਥਾਵਾਂ ਵੱਲੋਂ ਆਪਣੀ ਸੰਸਥਾ ਨਾਲ ਸਬੰਧਤ Excel ਫਾਇਲਾਂ ਡਾਊਨਲੋਡ ਕਰਕੇ ਇਹਨਾਂ ਫਾਇਲਾਂ ਉੱਤੇ ਅਪੀਅਰ ਹੋਣ ਵਾਲੇ ਯੋਗ (ਜੋ ਪ੍ਰੀਖਿਆ ਵਿੱਚ ਬੈਠਣ ਲਈ ਡੀ.ਜੀ.ਟੀ, ਨਵੀਂ ਦਿੱਲੀ, ਡੀ.ਟੀ.ਈ ਅਤੇ ਆਈ.ਟੀ ਪੰਜਾਬ ਅਤੇ ਬੋਰਡ ਵੱਲੋਂ ਸਮੇਂ ਸਮੇਂ ਤੇ ਜਾਰੀ ਪ੍ਰੀਖਿਆ ਨਿਯਮਾਂ/ਹਦਾਇਤਾਂ ਸ਼ਰਤਾਂ ਪੂਰੀਆਂ ਕਰਦਾ ਹੋਵੇ) ਸਿਖਿਆਰਥੀਆਂ ਨੂੰ ਮਿਤੀ:-13-7-2017 ਤੱਕ ਟਿੱਕ ਕੀਤਾ ਜਾਵੇਗਾ। ਇਸ ਤੋਂ ਬਾਅਦ ਸੰਸਥਾਵਾਂ ਵੱਲੋਂ ਉਪਰੋਕਤ ਟਿੱਕ ਕੀਤੇ ਵਿਦਿਆਰਥੀਆਂ ਦੀ ਇਕੱਠੀ ਕੀਤੀ ਗਈ ਫੀਸ, ਫੀਸ ਸਮੱਗਰੀ ਪ੍ਰਫਾਰਮੇ ਵਿੱਚ ਭਰ ਕੇ ਬੋਰਡ ਦਫਤਰ ਦੇ ਹੇਠ ਲਿਖੇ ਬੈਂਕ ਵਿੱਚ RTGS/NEFT ਜਾਂ ਬੈਂਕ ਦੁਆਰਾ ਨਿਰਧਾਰਤ ਕਿਸੇ ਵੀ online mode ਰਾਹੀਂ transfer ਕਰ ਸਕਦੀ ਹੈ।

| Name of Bank & Address | Beneficiary | Beneficiary address | Bank Account No. | IFSC Code |
|---|---|---|---|---|
| **ICICI bank , Sector- 35 C, Chandigarh** | Secretary, Punjab State Board of Technical Education and Industrial Training | Plot No.1, Sector-36-A, Chandigarh | 632201019325 | ICIC0006322 |

ਇਸ ਤੋਂ ਇਲਾਵਾ ਸੰਸਥਾਵਾਂ **ਪੰਜਾਬ ਨੈਸ਼ਨਲ ਬੈਂਕ (Punjab National Bank)ਵਿੱਚ offline mode ਰਾਹੀਂ Punjab State Board of Technical Education and Industrial Training** ਦੇ ਖਾਤੇ ਵਿੱਚ ਵੀ ਇੱਕਠੀ ਕੀਤੀ ਗਈ ਫੀਸ ਜਮ੍ਹਾਂ ਕਰਵਾ ਸਕਦੀ ਹੈ। (ਦੱਸੇ ਨਿਰਧਾਰਿਤ ਪ੍ਰੋਫਾਰਮਾਂ ਤੇ ਹੀ ਫੀਸ ਜਮ੍ਹਾਂ ਕਰਾਂ)

ਸੰਸਥਾਵਾਂ ਵਲੋਂ ਬੈਂਕਾਂ ਵਿੱਚ ਫੀਸ ਜਮ੍ਹਾਂ ਕਰਵਾਉਣ ਉਪਰੰਤ ਮੁੰਕਮਲ ਐਕਸਲ ਫਾਇਲ, ਜਮਾਂ ਕਰਵਾਈ ਗਈ ਫੀਸ-ਰਸੀਦ ਦੀ ਕਾਪੀ ਅਤੇ ਫੀਸ ਸਮੱਗਰੀ ਪ੍ਰਫਾਰਮੇ ਦੀ ਕਾਪੀ ਪ੍ਰਿੰਸੀਪਲ ਵੱਲੋਂ ਤਸਦੀਕ ਕਰਕੇ ਅਤੇ ਸਕੈਨ ਕਰਕੇ ਬੋਰਡ ਦਫਤਰ ਨੂੰ ਈ-ਮੇਲ ਐਡਰੇਸ reconciliation.fees@gmail.com ਅਤੇ cfa1919@gmail.com ਤੇ ਮਿਤੀ:-14 **ਜੁਲਾਈ** 2017 ਤੱਕ ਭੇਜੀ ਜਾਵੇ।

ਸੰਸਥਾਵਾਂ ਐਨ.ਸੀ.ਵੀ.ਟੀ. **(Semester system)** ਵਿੱਚ ਅਪੀਅਰ ਹੋਣ ਵਾਲੇ ਵਿਦਿਆਰਥੀਆਂ (ਜੋ ਪ੍ਰੀਖਿਆ ਵਿੱਚ ਬੈਠਣ ਲਈ ਡੀ.ਜੀ.ਟੀ, ਨਵੀਂ ਦਿੱਲੀ ਵੱਲੋਂ ਸਮੇਂ ਸਮੇਂ ਤੇ ਜਾਰੀ ਪ੍ਰੀਖਿਆ ਨਿਯਮਾਂ/ਹਦਾਇਤਾਂ ਸ਼ਰਤਾਂ ਪੂਰੀਆਂ ਕਰਦਾ ਹੋਵੇ) ਦੀ ਐਮ.ਆਈ.ਐਸ. ਪੋਰਟਲ ਤੇ ਫੀਸ ਅਤੇ ਹੋਰ ਡੀਟੇਲਾਂ ਸਬੰਧੀ ਸੂਚਨਾ ਭਰ ਕੇ ਏ.ਪੀ.ਐਫ. ਭਰਨ ਵਾਲੇ ਯੋਗ ਵਿਦਿਆਰਥੀਆਂ ਦੀ ਲਿਸਟ ਡਾਊਨਲੋਡ ਕਰਕੇ (ਟਰੇਡ ਵਾਇਜ ਲਿਸਟਾਂ ਪ੍ਰਿੰਟ ਕਰਕੇ) ਨਿਰਧਾਰਤ ਕੁਲ ਫੀਸ ਬੋਰਡ ਦਫਤਰ ਦੁਆਰਾ ਨਿਰਧਾਰਤ ਉਕਤ ਦਰਸਾਏ ਬੈਂਕ ਵਿੱਚ ਜਮ੍ਹਾਂ ਕਰਵਾਉਣਗੇ। ਇਸ ਉਪਰੰਤ ਸੰਸਥਾ ਵਲੋਂ ਐਮ. ਆਈ. ਐਸ. ਪੋਰਟਲ ਤੋਂ ਡਾਊਨਲੋਡਿਡ ਅਤੇ ਤਸਦੀਕ ਸ਼ੁਦਾ (Duly stamped and signed by Principal) ਮੁੰਕਮਲ ਲਿਸਟਾਂ ਦੀ ਕਾਪੀ, ਜਮਾਂ ਕਰਵਾਈ ਗਈ ਫੀਸ ਰਸੀਦ ਦੀ ਕਾਪੀ ਅਤੇ ਫੀਸ ਸਮੱਗਰੀ ਪ੍ਰਫਾਰਮੇ ਦੀ ਕਾਪੀ ਸਕੈਨ ਕਰਕੇ ਬੋਰਡ ਦਫਤਰ ਨੂੰ ਈ-ਮੇਲ ਐਡਰੇਸ reconciliation.fees@gmail.com ਅਤੇ cfa1919@gmail.com ਤੇ **ਮਿਤੀ:-14 ਜੁਲਾਈ 2017** ਤੱਕ ਭੇਜੀ ਜਾਵੇਗੀ। ਇਸ ਸਬੰਧ ਵਿੱਚ ਕੰਪਿਊਟਰ ਸ਼ਾਖਾ ਵਲੋਂ ਬੋਰਡ ਦੀ ਵੈਬਸਾਇਟ ਤੇ ਸਮੁੱਚੇ procedure ਸਬੰਧੀ ਲਿੰਕ ਦਿੱਤਾ ਜਾਵੇਗਾ।

| ਬੈਂਕ ਵਿੱਚ ਫੀਸ ਜਮਾਂ ਕਰਵਾਉਣ ਦੀ ਨਿਰਧਾਰਿਤ ਮਿਤੀ | ਪ੍ਰੀਖਿਆ ਲਈ ਨਿਰਧਾਰਿਤ ਫੀਸ | ਲੇਟ ਫੀਸ (ਮਿਤੀ:- 17-7-2017 ਤੱਕ) |
|---|---|---|
| 14 ਜੁਲਾਈ 2017 ਤੱਕ | 1. For Semester System(NCVT):- Rs.525/- {400/-Exam. Fee+50/-Exam. Form) + Rs.75/- (DGT, New Delhi)} per sem. per candidate<br>2. For Private candidates (Reappear/regular Candidates appearing in NCVT Semester system exams) Rs.625/-{500/-Exam. Fee+50/-Exam. Form+ Rs.75/-(DGT, New Delhi)} per candidate per sem. | ਨਿਰਧਾਰਿਤ ਫੀਸ + 1000/- ਰੁਪਏ ਪ੍ਰਤੀ ਸਿਖਿਆਰਥੀ ਪ੍ਰਤੀ ਪ੍ਰੀਖਿਆ/ਪ੍ਰਤੀ ਸਮੈਸਟਰ (ਮਿਤੀ:- 17/07/2017 ਤੱਕ ਬੋਰਡ ਦਫਤਰ ਵਿਖੇ ਦਸਤੀ ਜਮ੍ਹਾਂ ਕਰਵਾਏ ਜਾਣ) |
| 14 ਜੁਲਾਈ 2017 ਤੱਕ | 1. For NCVT Conventional old Pattern **(only for two/three years duration trades)** Rs.450/- /(400Exam. Fee+50/-Exam. Form)per candidate per exam<br>2. For Private candidates {(SCVT Students appearing in NCVT Conventional exams(Reappear in NCVT **two/three years duration trades)**} Rs.550/-(500/-Exam. Fee+50/-Exam. Form) per candidate per exam | |

ਸਮੂਹ ਸੰਸਥਾਵਾਂ ਵਲੋਂ ਪ੍ਰੈਕਟੀਕਲ ਫੀਸ 50/- ਰੁਪਏ ਪ੍ਰਤੀ ਸਿਖਿਆਰਥੀ/ਪ੍ਰਤੀ ਸਮੈਸਟਰ ਆਪਣੇ ਪੱਧਰ ਤੇ ਇਕੱਠੀ ਕਰ ਲਈ ਜਾਵੇ। ਇਹ ਰਕਮ ਸੰਸਥਾ ਵਲੋਂ ਪ੍ਰੈਕਟੀਕਲ ਪ੍ਰੀਖਿਆ ਕਰਵਾਉਣ ਲਈ ਰਾਅ ਮਟੀਰੀਅਲ ਆਦਿ ਖਰੀਦਣ ਲਈ ਵਰਤੀ ਜਾਵੇਗੀ। ਸਮੂਹ ਸੰਸਥਾਵਾਂ ਸਿਖਿਆਰਥੀਆਂ ਦੇ ਏ.ਪੀ.ਐਫ. ਫਾਰਮ (ਪ੍ਰੀਖਿਆ ਫਾਰਮ) ਭਰ ਕੇ ਆਪਣੇ ਰਿਕਾਰਡ ਵਿੱਚ ਰੱਖੇਗੀ।

ਨੱਥੀ : [illegible]

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਲਈ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਮਾਨਯੋਗ ਸਕੱਤਰ ਸਾਹਿਬ
2. ਸਿਸਟਮ ਐਡਮਨ.
3. ਐਡਮਿਨ ਅਫਸਰ
4. ਵਿੱਤ ਅਤੇ ਲੇਖਾ ਸ਼ਾਖਾ

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)
ਵਾਸਤੇ ਸਕੱਤਰ